ਨੰ:13/1/2018-3ਪੀਪੀ2/240

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜ਼ਿਲ੍ਹਾ ਅਤੇ ਸ਼ੈਸ਼ਨਜ ਜੱਜ,
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ ਅਤੇ
ਸਮੂਹ ਉਪ ਮੰਡਲ ਅਫਸਰ (ਸਿਵਲ)
ਰਾਜ ਦੇ ਸਮੂਹ ਬੋਰਡ/ਕਾਰਪੋਰੇਸ਼ਨਾਂ ਦੇ ਚੇਅਰਮੈਨ/ਮੈਨੇਜਿੰਗ ਡਾਇਰੈਕਟਰ।

ਮਿਤੀ, ਚੰਡੀਗੜ੍ਹ: 29.8.2018

ਵਿਸ਼ਾ:- ਅੰਗਹੀਣ ਉਮੀਦਵਾਰਾਂ ਨੂੰ ਟਾਈਪ ਟੈਸਟ ਦੀ ਨਿਪੁੰਨਤਾ ਵਿੱਚ ਛੋਟ/ਵਾਧੂ ਸਮਾਂ ਦੇਣ ਸਬੰਧੀ।

*****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਸਬੰਧੀ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ:4/17/79-1ਪੀ.ਪੀ./13274, ਮਿਤੀ 01.10.1985 ਅਤੇ ਹਦਾਇਤਾਂ ਨੰ:15/1/89-1ਪੀਪੀ2/19778, ਮਿਤੀ 2.11.89 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਹਨਾਂ ਰਾਹੀਂ ਉਹਨਾਂ ਅੰਗਹੀਣ ਵਿਅਕਤੀਆਂ ਨੂੰ ਟਾਈਪਿੰਗ ਦੀ ਨਿਪੁੰਨਤਾ ਵਿੱਚ ਛੋਟ ਦਿੱਤੀ ਗਈ ਹੈ, ਜਿੱਥੇ ਸਿਵਲ ਸਰਜਨ ਵੱਲੋਂ ਤਸਦੀਕ ਕੀਤਾ ਹੋਵੇ ਕਿ ਉਮੀਦਵਾਰ ਜਿਸਮਾਨੀ ਤੌਰ ਤੇ ਟਾਈਪ ਕਰਨ ਵਿੱਚ ਅਸਮੱਰਥ ਹੈ।

2. ਸਰਕਾਰ ਵੱਲੋਂ ਉਪਰੋਕਤ ਹਦਾਇਤਾਂ ਨੂੰ ਮੁੜ ਦੁਹਰਾਉਂਦੇ ਹੋਏ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਜਿਹੜੇ ਅੰਗਹੀਣ ਵਿਅਕਤੀ ਟਾਈਪ ਕਰ ਸਕਦੇ ਹਨ ਭਾਵ ਜਿਹਨਾਂ ਨੂੰ ਉਕਤ ਹਦਾਇਤਾਂ ਅਨੁਸਾਰ ਟਾਈਪਿੰਗ ਦੀ ਨਿਪੁੰਨਤਾ ਤੋਂ ਮੁਕੰਮਲ ਛੋਟ ਨਹੀਂ ਮਿਲ ਸਕਦੀ ਹੈ, ਉਹਨਾਂ ਨੂੰ ਟਾਈਪ ਟੈਸਟ ਵਿੱਚ ਹਰ 10 ਮਿੰਟਾਂ ਦੇ ਲਏ ਜਾਣ ਵਾਲੇ ਟੈਸਟ ਸਮੇਂ ਵਿੱਚ 3 ਮਿੰਟ ਅਤੇ 20 ਸੈਕਿੰਡ ਦਾ ਵਾਧੂ ਸਮਾਂ ਦਿੱਤਾ ਜਾਵੇ।

3. ਇਹਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਵਿਸ਼ਵਾਸ਼ਪਾਤਰ

Hbahat

ਉਪ ਸਕੱਤਰ ਪ੍ਰਸੋਨਲ

Scanned by CamScanner

ਇਸ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

Ahat

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ/ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ:13/1/2018-3ਪੀਪੀ2/241

ਮਿਤੀ, ਚੰਡੀਗੜ੍ਹ: 29.8.2018

Scanned by CamScanner